ਭਗਤ ਪਰਮਾਨੰਦ - ਸਬਦ ੧

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥

ਰਾਗੁ ਸਾਰੰਗ, ਭਗਤ ਪਰਮਾਨੰਦ, ਗੁਰੂ ਗ੍ਰੰਥ ਸਾਹਿਬ, ੧੨੫੩

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥
ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥

ਸਾਰ: ਧਾਰਮਿਕ ਗ੍ਰੰਥ ਜਾਗਰੂਕ ਹਸਤੀਆਂ ਦੇ ਬਿਬੇਕ ਦਾ ਅਰਕ ਆਪਣੇ ਅੰਦਰ ਸਮੋਈ, ਉਨ੍ਹਾਂ ਦੇ ਬਚਨਾਂ ਨੂੰ ਦੁਹਰਾਉਣ ਦੀ ਥਾਂ ਸਾਨੂੰ ਉਨ੍ਹਾਂ ਉਪਰ ਚਿੰਤਨ ਕਰਨ ਦੀ ਸੱਦ ਦਿੰਦੇ ਹਨ। ਰੂਹਾਨੀ ਵਿਕਾਸ ਤਦ ਉਤਪੰਨ ਹੁੰਦਾ ਹੈ ਜਦੋਂ ਇਨ੍ਹਾਂ ਗਿਆਨ ਦੀਆਂ ਰਿਸ਼ਮਾਂ ਨੂੰ ਅਮਲ ਵਿਚ ਲਿਆਂਦਾ ਜਾਂਦਾ ਹੈ, ਜਿਸਨੂੰ ਨਿੱਜੀ ਅਨੁਭਵ ਰਾਹੀਂ ਪਰਖਿਆ ਜਾਂਦਾ ਹੈ ਅਤੇ ਆਤਮ-ਪੜਚੋਲ ਰਾਹੀਂ ਇਸਨੂੰ ਧੁਰ ਤੱਕ ਵਸਾਇਆ ਜਾਂਦਾ ਹੈ। ਇਸ ਤਰ੍ਹਾਂ ਦੀ ਅੰਤਰੀਵੀ ਸੂਝ ਤੋਂ ਬਿਨਾਂ ਮਨ ਪਤਨ ਵਾਲੇ ਪਾਸੇ ਤੁਰ ਸਕਦਾ ਹੈ, ਦੂਜਿਆਂ ਤੋਂ ਲੈਂਦਾ ਹੋਇਆ ਅਤੇ ਆਪਣੀਆਂ ਅੰਤਹੀਣ ਇੱਛਾਵਾਂ ਨੂੰ ਜਾਇਜ਼ ਠਹਿਰਾਉਂਦਾ ਰਹਿੰਦਾ ਹੈ। ਇਸ ਨਾਲ ਅੰਤਹਕਰਣ ਕਮਜ਼ੋਰ ਹੋ ਜਾਂਦਾ ਹੈ, ਜਿਸ ਕਾਰਨ ਉਹ ਖੁਦ ਦਾ ਨੁਕਸਾਨ ਕਰਦਾ ਹੋਇਆ ਅਤੇ ਸਮਾਜ ਵਿਚ ਵੀ ਨੇਕੀ ਦੀ ਭਾਵਨਾ ਨੂੰ ਖੋਖਲਾ ਕਰ ਦਿੰਦਾ ਹੈ। ਅਰਥ ਭਰਪੂਰ ਸਿੱਖਿਆ ਦਾ ਅਗਾਜ਼ ਤਦ ਹੁੰਦਾ ਹੈ ਜਦੋਂ ਸਿਆਣਪ ਕੇਵਲ ਲਿਖਤ ਤੱਕ ਸੀਮਿਤ ਨਾ ਰਹਿ ਕੇ, ਆਚਰਨ ਵਿਚ ਢਲ ਜਾਵੇ ਅਤੇ ਜਾਗ੍ਰਿਤੀ ਨੈਤਿਕ ਜ਼ਿੰਮੇਵਾਰੀ ਵਿਚ ਬਦਲ ਦੇਵੇ।

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥

ਹੇ ਜੀਵ! ਤੂੰ ਗ੍ਰੰਥਾਂ ਨੂੰ ਸੁਣ ਕੇ ਅਸਲ ਵਿਚ ਕੀ ਸਮਝਿਆ ਹੈ? ਇਹ ਭਾਵ ਇਸ਼ਾਰਾ ਕਰਦਾ ਹੈ ਕਿ ਕੇਵਲ ਦਾਰਸ਼ਨਿਕ ਵਿਚਾਰਾਂ ਨੂੰ ਸੁਣ ਲੈਣਾ ਹੀ ਕਾਫ਼ੀ ਨਹੀਂ ਹੁੰਦਾ, ਜਦ ਤੱਕ ਉਹ ਤੇਰੀ ਅੰਤਰ-ਆਤਮਾ ਦੇ ਧੁਰ ਤੱਕ ਪਹੁੰਚ ਤੇਰੇ ਜੀਵਨ ਵਿਚ ਅੰਤਰੀਵੀ ਬਹਾਰ ਨਹੀਂ ਲੈ ਕੇ ਆਉਂਦੇ ਤਾਂ ਜੀਵਨ ਵਿਚ ਕੁਝ ਸਾਰਥਕ ਰੁਪਾਂਤ੍ਰਣ ਨਹੀਂ ਹੁੰਦਾ।

ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥

ਅਡੋਲ ਭਗਤੀ ਦਾ ਉਦਭਵ ਅਜੇ ਨਹੀਂ ਹੋਇਆ, ਅਤੇ ਲੋੜਵੰਦਾਂ ਦਾ ਭਲਾ ਕਰਨ ਵਾਲੀ ਭਾਵਨਾ ਵਿਚ ਵੀ ਢਿੱਲ-ਮੱਠ ਚਲ ਰਹੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸੱਚੀ ਭਗਤੀ ਸਿਰਫ਼ ਕਿਸੇ ਧਾਰਮਿਕ ਮਾਨਤਾ ਤੱਕ ਸੀਮਿਤ ਨਹੀਂ ਹੁੰਦੀ, ਸਗੋਂ ਇਸ ਤੱਥ ਵਿਚੋਂ ਪ੍ਰਗਟ ਹੁੰਦੀ ਹੈ ਕਿ ਸੱਚੀ ਵਚਨਬੱਧਤਾ ਦੂਜਿਆਂ ਪ੍ਰਤੀ ਦਇਆ, ਸੇਵਾ ਅਤੇ ਉਦਾਰਤਾ ਦੇ ਕਾਰਜਾਂ ਰਾਹੀਂ ਕਿਵੇਂ ਰੁਪਾਂਤ੍ਰਿਤ ਹੁੰਦੀ ਹੈ। (੧)(ਠਹਿਰਾਉ)

ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥

ਬੇਲਗਾਮ ਇੱਛਾਵਾਂ ਨੂੰ ਅਜੇ ਤੱਕ ਕਾਬੂ ਨਹੀਂ ਕੀਤਾ ਗਿਆ, ਕ੍ਰੋਧ ਉੱਤੇ ਜਿੱਤ ਪ੍ਰਾਪਤ ਨਹੀਂ ਹੋਈ, ਅਤੇ ਲੋਭ ਤੋਂ ਵੀ ਦੂਰੀ ਨਹੀਂ ਬਣੀ। ਹੇ ਸਤਿਕਾਰਯੋਗ ਜੀਵ! ਇਹ ਭਾਵ ਉਸ ਅਗਿਆਨੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਭਾਵਨਾਵਾਂ ਦੇ ਵਹਿਣ ਵਿਚ ਵਹਿ ਰਹੀ ਹੈ ਪਰ ਬਾਹਰੀ ਤੌਰ ਤੇ ਦਇਆ ਅਤੇ ਬਿਬੇਕ ਦਾ ਮਾਖੌਟ ਦਾ ਧਾਰਨ ਕਰੀ ਬੈਠੀ ਹੈ।

ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥

ਤੇਰੇ ਮੁਖ ਨੇ ਅਜੇ ਤੱਕ ਦੂਜਿਆਂ ਦੀ ਨਿੰਦਾ ਅਤੇ ਚੁਗਲੀ ਕਰਨੀ ਨਹੀਂ ਛੱਡੀ; ਇਸ ਲਈ ਦੂਜਿਆਂ ਦੀ ਸੇਵਾ ਕਰਨ ਲਈ ਕੀਤੇ ਤੇਰੇ ਯਤਨ ਵਿਅਰਥ ਅਤੇ ਨਿਸਫਲ ਹਨ। ਇਹ ਭਾਵ ਉਸ ਵਿਰੋਧਾਭਾਸ ਨੂੰ ਦਰਸਾਉਂਦਾ ਹੈ ਜਿਸ ਵਿਚ ਕੋਈ ਬਾਹਰੋਂ ਦਿਆਲੂ ਦਿਖਾਈ ਦਿੰਦਾ ਹੈ, ਪਰ ਉਸਦੇ ਬੋਲ ਦੂਜਿਆਂ ਨੂੰ ਠੇਸ ਪਹੁੰਚਾਉਂਣ ਵਾਲੇ, ਨਿਰਾਦਰ ਕਰਨ ਵਾਲੇ ਅਤੇ ਛੋਟਾ ਵਿਖਾਉਣ ਵਾਲੇ ਹੁੰਦੇ ਹਨ। (੧)

ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥
ਜਿਸ ਉਪਰ ਸਾਡਾ ਹੱਕ ਨਹੀਂ ਉਸ ਨੂੰ ਜਿੱਤ ਕੇ ਜਾਂ ਲੁੱਟ ਕੇ, ਅਤੇ ਦਮਨਕਾਰੀ ਵਿਧੀਆਂ ਰਾਹੀਂ ਪ੍ਰਾਪਤ ਸਾਧਨਾਂ ਦੀ ਲੁੱਟ-ਖਸੁੱਟ ਕਰ, ਅਸੀਂ ਅਪਰਾਧੀ ਬਣ ਜਾਂਦੇ ਹਾਂ। ਇਹ ਭਾਵ ਇਕ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਸ਼ੋਸ਼ਣ ਰਾਹੀਂ ਪ੍ਰਫੁੱਲਤ ਹੁੰਦੀ ਹੈ, ਆਪਣੀਆਂ ਅਸੰਤੁਸ਼ਟ ਇੱਛਾਵਾਂ ਨੂੰ ਜਾਇਜ਼ ਠਹਿਰਾਉਣ ਲਈ ਲਗਾਤਾਰ ਦੂਜਿਆਂ ਤੋਂ ਲੈਂਦੀ ਰਹਿੰਦੀ ਹੈ।

ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥
ਜਦੋਂ ਕੋਈ ਚਿੰਤਨ ਦੀ ਗੂੜ੍ਹ ਅਵਸਥਾ ਵਿਚ ਵਿਚ ਪ੍ਰਵੇਸ਼ ਕਰਦਾ ਹੈ, ਤਾਂ ਉਸਦਾ ਅੰਤਹਕਰਣ ਕਿਸੇ ਵੀ ਰੂਪ ਵਿਚ ਸੋਚੇ ਮਾੜੇ ਇਰਾਦਿਆਂ ਅਤੇ ਮੂਰਖਤਾਪੂਰਨ ਕੀਤੇ ਕਰਮਾਂ ਤੋਂ ਜਾਣੂ ਹੋ ਜਾਂਦਾ ਹੈ। ਇਸ ਭਾਵ ਦਾ ਅਰਥ ਹੈ ਕਿ ਸਾਡੇ ਕਰਮ ਇਕ ਤਰ੍ਹਾਂ ਨਾਲ ਸਾਨੂੰ ਸਾਡੇ ਅੰਤਰੀਵੀ ਪਰਲੋਕ ਵੱਲ ਲੈ ਜਾਂਦੇ ਹਨ, ਸਿੱਟੇ ਵੱਜੋਂ ਉਹ ਸਾਡੇ ਅੰਤਹਕਰਣ ਵਿਚ ਨਕਾਰਾਤਮਕ ਜਾਂ ਸਕਾਰਾਤਮਕ ਭਾਵਨਾਵਾਂ ਦੇ ਰੂਪ ਵਿਚ ਰਹਿੰਦੇ ਹਨ। (੨)

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥
ਮਨ ਵਿਚੋਂ ਬੇਰਹਿਮੀ ਅਜੇ ਤੱਕ ਦੂਰ ਨਹੀਂ ਹੋਈ, ਅਤੇ ਦੂਜਿਆਂ ਪ੍ਰਤੀ ਦਇਆ-ਭਾਵ ਨੂੰ ਵੀ ਮਹੱਤਵ ਨਹੀਂ ਦਿੱਤਾ ਗਿਆ। ਇਹ ਸਮੱਸਿਆ ਕੇਵਲ ਸਰੀਰਕ ਨੁਕਸਾਨ ਤੱਕ ਸੀਮਿਤ ਨਹੀਂ, ਸਗੋਂ ਉਸ ਭਾਵਨਾਤਮਕ ਉਦਾਸੀਨਤਾ ਨੂੰ ਵੀ ਦਰਸਾਉਂਦੀ ਹੈ ਜੋ ਦੂਜਿਆਂ ਨੂੰ ਸਮਝਣ, ਸਵੀਕਾਰ ਕਰਨ ਅਤੇ ਉਨ੍ਹਾਂ ਦੇ ਦੁੱਖ-ਸੁੱਖ ਨਾਲ ਜੁੜਨ ਵਿਚ ਅਸਫਲ ਰਹਿੰਦੀ ਹੈ।

ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥
ਪਰਮਾਨੰਦ ਕਹਿੰਦੇ ਹਨ ਕਿ ਗੁਣੀ ਜਨਾਂ ਦੀ ਸੰਗਤ ਵਿਚ ਰਹਿ ਕੇ ਵੀ ਕੋਈ ਲਾਜ਼ਮੀ ਨਹੀਂ ਕਿ ਨੇਕੀ ਦਾ ਰਾਹ ਚੁਣੇ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਤੱਕ ਨੇਕੀ ਅਮਲ ਵਿਚ ਨਾ ਆਵੇ ਅਤੇ ਨਿਮਰਤਾ ਹਉਮੈਂ ਉਪਰ ਜਿੱਤ ਹਾਸਲ ਨਾ ਕਰੇ ਤਾਂ ਨੇਕ ਸੰਗਤ ਵੀ ਸਿਰਫ਼ ਲੈਣ-ਦੇਣ ਤੱਕ ਹੀ ਸੀਮਿਤ ਰਹਿ ਜਾਂਦੀ ਹੈ। (੩)(੧)(੬)

ਤੱਤ:  ਭਗਤ ਪਰਮਾਨੰਦ ਸੱਚੀ ਭਗਤੀ ਦੇ ਗੂੜ੍ਹ ਅਤੇ ਕਰੁਣਾਮਈ ਸਰੂਪ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਉਜਾਗਰ ਕਰਦੇ ਹਨ। ਉਹ ਗ੍ਰੰਥਾਂ, ਸੇਵਾ ਅਤੇ ਰੂਹਾਨੀ ਸੰਗਤ ਦੇ ਮਹੱਤਵ ਨੂੰ ਸਵੀਕਾਰਦੇ ਹਨ, ਪਰ ਨਾਲ ਹੀ ਇਹ ਗੰਭੀਰ ਪ੍ਰਸ਼ਨ ਵੀ ਉਠਾਉਂਦੇ ਹਨ ਕਿ ਜਦੋਂ ਇਹ ਕੇਵਲ ਦਿਖਾਵਾ, ਨਿਤ ਦਾ ਨੇਮ ਜਾਂ ਬਣਾਵਟੀ ਪਹਿਚਾਣ ਬਣ ਕੇ ਰਹਿ ਜਾਂਦੇ ਹਨ, ਤਾਂ ਇਨ੍ਹਾਂ ਦਾ ਅਸਲ ਪ੍ਰਭਾਵ ਕੀ ਰਹਿ ਜਾਂਦਾ ਹੈ। ਸੱਚੀ ਭਗਤੀ ਤਦ ਹੀ ਪ੍ਰਗਟ ਹੁੰਦੀ ਹੈ ਜਦੋਂ ਗਿਆਨ, ਦਇਆ ਅਤੇ ਅਰਥਪੂਰਨ ਸੰਬੰਧ ਸਾਡੇ ਸ਼ਬਦਾਂ ਅਤੇ ਕਰਮਾਂ ਵਿਚ ਸੱਚੀ ਉਦਾਰਤਾ ਨੂੰ ਪ੍ਰੇਰਿਤ ਕਰਨ ਅਤੇ ਅਜਿਹੇ ਚਰਿੱਤਰ ਦਾ ਨਿਰਮਾਣ ਕਰਨ ਜੋ ਨਕਾਰਾਤਮਕਤਾ ਤੋਂ ਮੁਕਤ ਹੋਵੇ। ਇਸ ਸੂਝ ਨੂੰ ਕਲਾਵੇ ਵਿਚ ਲੈ ਸਾਡੀ ਰੂਹਾਨੀ ਯਾਤਰਾ ਹੋਰ ਗੂੜ੍ਹ ਹੁੰਦੀ ਹੈ ਅਤੇ ਸਾਡਾ ਜੀਵਨ ਵਧੇਰੇ ਅਰਥ ਭਰਪੂਰ ਅਤੇ ਅਸਲ ਅਮੀਰੀਅਤ ਨਾਲ ਸਰਸ਼ਾਰ ਹੁੰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**